# ਫੁੱਲਾਂ ਵਾਲਾ ਘਰ



ਭਾਸ਼ਾ ਵਿਭਾਗ, ਪੰਜਾਬ

# PHULLAN WALA GHAR *(In Punjabi)*
**Manmohan Singh Daun**

# ਫੁੱਲਾਂ ਵਾਲਾ ਘਰ
ਮਨਮੋਹਨ ਸਿੰਘ ਦਾਊਂ

© ਭਾਸ਼ਾ ਵਿਭਾਗ, ਪੰਜਾਬ

ਪਹਿਲੀ ਐਡੀਸ਼ਨ : 2003
ਕਾਪੀਆਂ : 2000
ਕੀਮਤ : 17 ਰੁਪਏ

0320 – ਬ. ਗ. ਸਾ. 1300

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ
ਛਾਪਕ : ਆਜ਼ਾਦ ਅਵਾਜ਼ ਪ੍ਰਿੰਟਰਜ਼, ਪਟਿਆਲਾ
ਰਾਹੀਂ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ

## ਦੋ ਸ਼ਬਦ

ਭਾਸ਼ਾ ਵਿਭਾਗ, ਪੰਜਾਬ ਜਿੱਥੇ ਪੰਜਾਬੀ ਬੱਚਿਆਂ ਦੀ ਗਿਆਨ ਪੂਰਤੀ ਲਈ ਵੱਖ-ਵੱਖ ਵਿਸ਼ਿਆਂ ਅਧੀਨ ਵਧੀਆ ਤੇ ਸਚਿੱਤਰ ਪੁਸਤਕਾਂ ਲਿਖਵਾ ਰਿਹਾ ਹੈ। ਉਥੇ ਬਾਲ-ਸਹਿਤ ਦੇ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਵੀ ਕਈ ਸਕੀਮਾਂ ਬਣਾਈਆਂ ਹਨ। ਇਸ ਆਸ਼ੇ ਦੀ ਪੂਰਤੀ ਲਈ ਬਾਲ-ਸਾਹਿਤ ਦੇ ਖਰੜਿਆਂ ਦਾ ਇਨਾਮੀ ਮੁਕਾਬਲਾ ਕਰਵਾਇਆ ਜਾਂਦਾ ਹੈ। ਪਹਿਲੇ ਤੇ ਦੂਜੇ ਨੰਬਰ ਤੇ ਆਏ ਖਰੜਿਆਂ ਨੂੰ ਵਿਭਾਗ ਆਪਣੇ ਖਰਚ ਤੇ ਛਪਵਾਉਣ ਦੀ ਖੁਸ਼ੀ ਲੈਂਦਾ ਹੈ।

ਇਸ ਲੜੀ ਅਧੀਨ ਅਗਲੀ ਕੜੀ ਵਿਚ ਸ੍ਰੀ ਮਨਮੋਹਨ ਸਿੰਘ ਦਾਊਂ ਦਾ ਖਰੜਾ 'ਫੁੱਲਾਂ ਵਾਲਾ ਘਰ' (ਕਾਵਿ ਸੰਗ੍ਰਹਿ) ਪਹਿਲੇ ਨੰਬਰ ਤੇ ਰਿਹਾ ਹੈ। ਭਾਸ਼ਾ ਵਿਭਾਗ ਪੰਜਾਬ ਇਹ ਪੁਸਤਕ ਬਾਲ ਪਾਠਕਾਂ ਨੂੰ ਭੇਟ ਕਰਨ ਦਾ ਮਾਣ ਪ੍ਰਾਪਤ ਕਰ ਰਿਹਾ ਹੈ। ਆਸ ਹੈ ਕਿ ਪਾਠਕ ਇਸ ਪੁਸਤਕ ਦਾ ਨਿੱਘਾ ਸੁਆਗਤ ਕਰਨਗੇ।

**ਡਾ. ਮਦਨ ਲਾਲ ਹਸੀਜਾ**
**ਡਾਇਰੈਕਟਰ,**
**ਭਾਸ਼ਾ ਵਿਭਾਗ, ਪੰਜਾਬ**

# ਤਤਕਰਾ


| ਲੜੀ ਨੰ. | ਰਚਨਾ ਦਾ ਸਿਰਲੇਖ | ਪੰਨਾ |
|---|---|---|
| 1 | ਚਾਨਣ ਦੀ ਪਗਡੰਡੀ | 1 |
| 2 | ਝਾਈ ਮਾਈ ਦਾ ਗੀਤ | 3 |
| 3 | ਸਾਡਾ ਵਿਹੜਾ | 5 |
| 4 | ਸਾਂਝਾ ਗੀਤ | 6 |
| 5 | ਅਟਕਣ ਮਟਕਣ ਦਾ ਗੀਤ | 8 |
| 6 | ਕਿਰਨਮ ਕਾਣੀ ਦਾ ਗੀਤ | 10 |
| 7 | ਗਰਮੀ ਦੀ ਰੁੱਤ | 11 |
| 8 | ਪੌੜੀ ਦਾ ਗੀਤ | 13 |
| 9 | ਕਾਠ-ਕਠੋਲੀ | 15 |
| 10 | ਚਿੜੀ | 16 |
| 11 | ਧੁੱਪ-ਛਾਂ ਦਾ ਗੀਤ | 18 |
| 12 | ਛਤਰੀ ਦਾ ਗੀਤ | 19 |
| 13 | ਸਾਂਝੀਆਂ ਤੰਦਾਂ | 21 |
| 14 | ਸਾਡੀ ਰੇਲ | 23 |
| 15 | ਨਿੱਕੇ-ਨਿੱਕੇ ਹੱਥ | 25 |
| 16 | ਮੇਰਾ ਪਤੰਗ | 26 |
| 17 | ਕਣੀਆ ਦੀ ਰੁੱਤ | 27 |
| 18 | ਸਾਡੇ ਵਿਹੜੇ ਨਿੰਮ ਖਲੋਤੀ | 28 |
| 19 | ਮੇਰੀ ਪੈਨੱਸਿਲ | 30 |
| 20 | ਬੱਲੇ ਆ ਗਈ ਵਿਸਾਖੀ | 31 |

| | | |
|---|---|---|
| 21 | ਵੱਸਦਾ ਰਹੇ ਪੰਜਾਬ | 33 |
| 22 | ਵਗ੍ਹੀਂ ਮੇਘਲੇ | 34 |
| 23 | ਨਵੇਂ ਟੱਪੇ | 35 |
| 24 | ਨਵੀਆਂ ਬੋਲੀਆਂ | 36 |
| 25 | ਚਾਨਣ ਵੰਡਦੀ ਆਈ ਦੀਵਾਲੀ | 37 |
| 26 | ਏਕਤਾ ਦੀ ਚਾਬੀ | 39 |
| 27 | ਜੱਟ ਦੀ ਡਰੰਮੀ | 41 |
| 28 | ਭਗਤ ਸਿੰਘ ਨੂੰ ਲੋਰੀ | 42 |
| 29 | ਰੁੱਖਾਂ ਦਾ ਗੀਤ | 44 |
| 30 | ਚੰਡੀਗੜ੍ਹ ਬਾਰੇ ਬੋਲੀਆਂ | 46 |
| 31 | ਘੁੱਗੀਏ ਨੀਂ | 47 |
| 32 | ਮੇਰੇ ਪਿੰਡ ਦੇ ਰੁੱਖ | 49 |
| 33 | ਬਾਬਾ ਨਾਨਕ | 51 |
| 34 | ਨਵੇਂ ਸਵੇਰੇ ਦਾ ਸੁਨੇਹਾ | 53 |

ਇਹ ਗੀਤ ਤੇ ਕਵਿਤਾਵਾਂ

ਨੱਚਦੇ

ਟੱਪਦੇ

ਖੇਡਦੇ

ਤੇ

ਗਾਉਂਦੇ

ਬੱਚਿਆਂ

ਦੇ

ਨਾਂ !!

# ਚਾਨਣ ਦੀ ਪਗਡੰਡੀ

ਇਕ ਪਗਡੰਡੀ ਚਾਨਣ ਵਾਲੀ
ਇਕ ਪਗਡੰਡੀ ਨੇਰ੍ਹੇ ਵਾਲੀ
ਸੁਣ ਵੇ ਬੀਬਾ
ਵਿੱਦਿਆ ਦੀ ਪਗਡੰਡੀ ਉੱਤੇ
ਲੈ ਦੀਵਾ ਤੂੰ ਤੁਰਦੇ ਜਾਣਾ।

ਚਾਨਣ ਦੀ ਡੰਡੀ ਆ ਤੁਰੀਏ,
ਵਿਹਲੜਾਂ ਵਾਂਗੂੰ ਬੈਠ ਨਾ ਝੁਰੀਏ।
ਉਮਰ ਸਮੇਂ ਦੀ ਗੱਲ ਨਾ ਕੋਈ,
ਵਖ਼ਤ ਪਛਾਣੇ ਬੰਦਾ ਸੋਈ।
ਬੀਤੇ ਸਮੇਂ ਤੇ ਕੀ ਪਛਤਾਉਣਾ
ਵਿੱਦਿਆ ਦੀ ਪਗਡੰਡੀ ਉੱਤੇ
ਲੈ ਦੀਵਾ ਤੂੰ ਤੁਰਦੇ ਜਾਣਾ।

ਵਿੱਦਿਆ ਹੈ ਜੀਵਨ ਦਾ ਗਹਿਣਾ।
ਗੁਣ ਵਡਮੁੱਲਾ ਇਸ ਕੀ ਲਹਿਣਾ।
ਵਿਹਲੇ ਸਮੇਂ 'ਚ ਤੂੰ ਵੀ ਪੜ੍ਹ ਲੈ,
ਤੂੰ ਵੀ ਉੱਠ ਕਿਤਾਬਾਂ ਫੜ ਲੈ।
ਸਿੱਖ ਲੈ ਸੁਹਣੇ ਅੱਖਰ ਪਾਉਣਾ
ਵਿੱਦਿਆ ਦੀ ਪਗਡੰਡੀ ਉੱਤੇ
ਲੈ ਦੀਵਾ ਤੂੰ ਤੁਰਦੇ ਜਾਣਾ।

ਪੜ੍ਹੇ ਲਿਖੇ ਦਾ ਯੁੱਗ ਹੈ ਆਇਆ,
ਅੱਖਰਾਂ ਦੀ ਸਭ ਛਾਇਆ ਮਾਇਆ ।
ਕਰ ਖੇਤੀ ਜਾਂ ਕੋਈ ਵਪਾਰ,
ਸਿੱਖਿਆ ਬਾਝੋਂ ਨਹੀਂ ਬਹਾਰ ।
ਛੱਡ ਪਰ੍ਹੇ ਵਹਿਮਾਂ ਦਾ ਤਾਣਾ
ਵਿੱਦਿਆ ਦੀ ਪਗਡੰਡੀ ਉੱਤੇ
ਲੈ ਦੀਵਾ ਤੂੰ ਤੁਰਦੇ ਜਾਣਾ ।

ਵਿੱਦਿਆ ਬਾਝੋਂ ਘੁੱਪ ਹਨੇਰਾ,
ਵਿੱਦਿਆ ਸੂਰਜ ਸੋਨ ਸਵੇਰਾ ।
ਉੱਠ ਕੁੜੇ ਤੂੰ ਵੀ ਸਿੱਖ ਪੜ੍ਹਨਾ ।
ਚਾਨਣ ਦੀ ਪੌੜੀ ਤੇ ਚੜ੍ਹਨਾ ।
ਛੋਹਲੀਂ ਫਿਰ ਸੁਰਗਾਂ ਦਾ ਗਾਣਾ
ਵਿੱਦਿਆ ਦੀ ਪਗਡੰਡੀ ਉੱਤੇ
ਲੈ ਦੀਵਾ ਤੂੰ ਤੁਰਦੇ ਜਾਣਾ ॥



## ਝਾਈਂ ਮਾਈਂ ਦਾ ਗੀਤ

ਝਾਈਂ ਮਾਈਂ
ਚਿੜੀਆਂ ਦੇ ਬਾੜੇ ਵਿਚ
ਮੋਰ ਬੋਲਦੇ
ਤੱਕ ਕੇ ਘਟਾਵਾਂ ਮੋਰ
ਖੰਭ ਖੋਲ੍ਹਦੇ ।


ਝਾਈਂ ਮਾਈਂ
ਚਿੜੀਆਂ ਦੇ ਬਾੜੇ ਵਿਚ
ਫੁੱਲ ਟਹਿਕਦੇ
ਖਿੜਦੇ ਗੁਲਾਬ ਜਦੋਂ
ਬਾਗ਼ ਮਹਿਕਦੇ ।

ਝਾਈਂ ਮਾਈਂ
ਚਿੜੀਆਂ ਦੇ ਬਾੜੇ ਵਿਚ
ਧੁੱਪਾਂ ਹੱਸੀਆਂ
ਮਾਰਕੇ ਟਪੂਸੀ ਦੂਰ
ਛਾਂਵਾਂ ਨੱਸੀਆਂ ।

ਝਾਈਂ ਮਾਈਂ
ਚਿੜੀਆਂ ਦੇ ਬਾੜੇ ਵਿਚ

ਬੱਚੇ ਗਾਂਵਦੇ
ਬੰਨ੍ਹ ਬੰਨ੍ਹ ਟੋਲੀਆਂ ਨੇ
ਆੜੀ ਪਾਂਵਦੇ ।

ਝਾਈਂ ਮਾਈਂ
ਚਿੜੀਆਂ ਦੇ ਬਾੜੇ ਵਿਚ
ਪੀਤੀ ਮੱਲੀਏ
ਖੇਡਲੇ ਬਥੇਰੇ
ਆ ਜਾ ਘਰ ਚੱਲੀਏ ॥



# ਸਾਡਾ ਵਿਹੜਾ

ਸਾਡਾ ਫੁੱਲਾਂ ਵਾਲਾ ਵਿਹੜਾ
ਸਾਡਾ ਫੁੱਲਾਂ ਵਾਲਾ ਘਰ ।
ਆਓ ਘੇਰ ਅਗਲਾ ਤਣੀਏ,
ਇਕ ਦੂਜੇ ਦੇ ਆੜੀ ਬਣੀਏ ।
ਨਵੀਂ ਖੇਡ ਖੇਡਾਂਗੇ ਸਾਰੇ,
ਐਵੇਂ ਡਿੱਗਣ ਤੋਂ ਨਾ ਡਰ ।
ਸਾਡਾ ਫੁੱਲਾਂ ਵਾਲਾ ਵਿਹੜਾ,
ਸਾਡਾ ਫੁੱਲਾਂ ਵਾਲਾ ਘਰ ।
ਆਓ ਚੰਨ, ਸਿਤਾਰੇ ਫੜੀਏ,
ਡੰਡਾ ਡੰਡਾ ਪੌੜੀ ਚੜ੍ਹੀਏ ।
ਚਾਨਣ ਲੈ ਕੇ ਮੁੱਠੀ ਮੁੱਠੀ,
ਰੌਸ਼ਨ ਕਰੀਏ ਸਭ ਦੇ ਦਰ ।
ਸਾਡਾ ਫੁੱਲਾਂ ਵਾਲਾ ਵਿਹੜਾ,
ਸਾਡਾ ਫੁੱਲਾਂ ਵਾਲਾ ਘਰ ।
ਅੱਗੇ ਅੱਗੇ ਵੱਧਦੇ ਜਾਈਏ,
ਇਕ ਦੂਜੇ ਨੂੰ ਨਾਲ ਰਲਾਈਏ ।
ਨਾਲ ਹੌਂਸਲੇ ਰਲ ਮਿਲ ਸਾਰੇ,
ਜਾਈਏ ਹਰ ਔਕੜ ਨੂੰ ਤਰ ।
ਸਾਡਾ ਫੁੱਲਾਂ ਵਾਲਾ ਵਿਹੜਾ,
ਸਾਡਾ ਫੁੱਲਾਂ ਵਾਲਾ ਘਰ ॥

# ਸਾਂਝਾ-ਗੀਤ

ਸਾਡੇ ਪੱਲਿਆਂ 'ਚ ਦਾਣੇ
ਅਸੀਂ ਬਾਲ ਹਾਂ ਨਿਆਣੇ,
ਬਣੀਏ ਪੜ੍ਹਕੇ ਸਿਆਣੇ
ਅਸੀਂ ਚਾਨਣ ਖਿੰਡਾਣੇ ।
ਸੁਣੋ ਹਾਣੀਓਂ
ਮੇਰੇ ਢਾਣੀਓਂ ।
ਸਾਡੇ ਪੱਲਿਆਂ 'ਚ ਗੀਤ
ਅਸੀਂ ਸਭਨਾਂ ਦੇ ਮੀਤ,
ਚੰਗੀ ਪਾਈਏ ਅਸੀਂ ਰੀਤ
ਸੱਭੇ ਰੱਖੋ ਚੰਗੀ ਨੀਤ ।
ਸੁਣੋ ਹਾਣੀਓਂ
ਮੇਰੇ ਢਾਣੀਓਂ ।
ਸਾਡੇ ਪੱਲਿਆਂ 'ਚ ਫੁੱਲ
ਦੱਸੋ ਮਹਿਕਾਂ ਦਾ ਕੀ ਮੁੱਲ,
ਫੁੱਲ ਤੋੜੀਏ ਨਾ ਭੁੱਲ
ਕਿਹੜਾ ਇਨ੍ਹਾਂ ਦੇ ਹੈ ਤੁੱਲ ।
ਮੇਰੇ ਹਾਣੀਓਂ
ਸੁਣੋ ਢਾਣੀਓਂ ।
ਸਾਡੇ ਪੱਲਿਆਂ 'ਚ ਬੀਜ
ਸਾਡੀ ਚਾਨਣ ਜਿਹੀ ਨੀਝ,

ਨਿੱਤ ਸਿੱਖੀਏ ਤਮੀਜ਼
ਚੰਗੇ ਬਣਨੇ ਦੀ ਰੀਝ।
ਸੁਣੋ ਹਾਣੀਓਂ
ਮੇਰੇ ਢਾਣੀਓਂ।
ਸਾਡੇ ਪੱਲਿਆਂ 'ਚ ਤਾਰੇ
ਗਾਈਏ ਰਲ ਮਿਲ ਸਾਰੇ,
ਸਾਡੀ ਧਰਤ ਇਹ ਪੁਕਾਰੇ
ਸਭ ਤੇ ਜਾਈਏ ਵਾਰੇ ਵਾਰੇ।
ਸੁਣੋ ਹਾਣੀਓਂ
ਮੇਰੇ ਢਾਣੀਓਂ।।

## ਅਟਕਣ ਮਟਕਣ ਦਾ ਗੀਤ

ਅਟਕਣ ਮਟਕਣ
ਫੁੱਲ ਪਟਾਕੇ,
ਰਲ-ਮਿਲ ਖਾਈਏ
ਦਹੀਂ ਚਟਾਕੇ।

ਅਟਕਣ ਮਟਕਣ
ਅੰਬਰੀਂ ਤਾਰੇ,
ਆਓ ਖੇਡੀਏ
ਰਲ ਕੇ ਸਾਰੇ।

ਅਟਕਣ ਮਟਕਣ
ਅੱਖ-ਮਚੋਲੀ,
ਪੀਤੀ ਦੇਵੀਂ
ਹੁਣ ਤੂੰ 'ਘੋਲੀ'।

ਅਟਕਣ ਮਟਕਣ
ਛੁਹਣ-ਛਣੀਕਾ,
ਮਾਮਾ ਮੇਰਾ
ਗਿਆ ਅਮਰੀਕਾ।

ਅਟਕਣ ਮਟਕਣ
ਚੰਨ ਪਿਆਰ,
ਚੰਗਾ ਲੱਗੇ
ਜੱਗ ਇਹ ਸਾਰਾ।

ਅਟਕਣ ਮਟਕਣ
ਹਰ ਕੋਈ ਹੱਸੇ,
ਖੇਡ ਕੇ ਸਾਰੇ
ਘਰ ਨੂੰ ਨੱਸੇ ॥

# ਕਿਰਨਮ ਕਾਣੀ ਦਾ ਗੀਤ

ਕਿਰਨਮ ਕਾਣੀ
ਕੌਣ ਟੱਪਿਆ,
ਸੁਣੀਂ ਸਾਡਾ ਗੀਤ
ਪਿੱਪਲੀ ਦੇ ਪੱਤਿਆ ।

ਕਿਰਨਮ ਕਾਣੀ
ਕੌਣ ਟੱਪਿਆ,
'ਦੀਪਾ' ਸੁਣ ਹਾਕ
ਘਰੋਂ ਆਇਆ ਨੱਸਿਆ ।

ਕਿਰਨਮ ਕਾਣੀ
ਕੌਣ ਟੱਪਿਆ
ਮੋਰ ਪਾਵੇ ਪੈਲ
ਖੇਤੀਂ ਮੀਂਹ ਵੱਸਿਆ ।


ਕਿਰਨਮ ਕਾਣੀ
ਕੌਣ ਟੱਪਿਆ,
ਖਿੜਿਆ ਗੁਲਾਬ
ਗੇਂਦਾ ਖ਼ੂਬ ਹੱਸਿਆ ।

ਕਿਰਨਮ ਕਾਣੀ
ਕੌਣ ਟੱਪਿਆ,
ਲੁਕਿਆ ਸੀ 'ਪੰਮਾ'
ਦੱਸੋ ਕਿਹਨੇ ਦੱਸਿਆ ?

# ਗਰਮੀ ਦੀ ਰੁੱਤ

ਗਰਮੀ ਆਈ, ਗਰਮੀ ਆਈ,
ਚੰਗੀ ਲੱਗੇ ਬਰਫ਼ ਮਲਾਈ।
ਪਿੰਡੇ ਨੂੰ ਜਦ ਆਏ ਪਸੀਨਾ,
ਭੈੜਾ ਲੱਗੇ ਜੂਨ ਮਹੀਨਾ।
ਹਰ ਕੋਈ ਛਾਂ ਦੇ ਵੱਲ ਨੂੰ ਭੱਜੇ,
ਤਪਦੀ ਲੂ ਤੋਂ ਪਿੰਡਾ ਕੱਜੇ।
ਪੰਛੀ ਵੀ ਰੁੱਖਾਂ ਨੂੰ ਲੱਭਣ,
ਪਾਣੀ ਪੀ ਪੀ ਜੀਵ ਨਾ ਰੱਜਣ।
ਧੁੱਪਾਂ 'ਚੋਂ ਜਦ ਵੀ ਕੋਈ ਆਵੇ,
ਠੰਡਾ ਸ਼ਰਬਤ ਪੀਣਾ ਚਾਹਵੇ।
ਘੜੇ, ਸੁਰਾਹੀ, ਮੱਟ ਦਾ ਪਾਣੀ,
ਹਰ ਕੋਈ ਚਾਹੇ ਤ੍ਰੇਹ ਬੁਝਾਣੀ।
ਕੋਈ ਫਰਿਜ਼,ਕਲੂਰ ਵੱਲ ਦੌੜੇ,
ਕੋਈ ਪੱਖੇ ਦੇ ਹੇਠਾਂ ਬਹੁੜੇ।
ਜੀਅ ਚਾਹੇ ਬਸ ਨਹਾਈ ਜਾਈਏ,
ਪਾਣੀ ਦੇ ਵਿਚ ਗੋਤੇ ਲਾਈਏ।
ਗਭਰੂ, ਨੱਢੀਆਂ, ਬੁੱਢੇ, ਬਾਲ,
ਕਰਨ ਕਲੋਲਾਂ ਪਾਣੀ ਨਾਲ।

ਸਾਰੇ ਵਰਖਾ ਨੂੰ ਪਏ ਤਰਸਣ ,
ਵੱਗੇ ਪੌਣ ਤੇ ਬੱਦਲ ਵਰਸਣ ।
ਗਰਮੀ ਆਈ, ਗਰਮੀ ਆਈ,
ਚੰਗੀ ਲੱਗੇ ਬਰਫ਼ ਮਲਾਈ ॥



# ਪੌੜੀ ਦਾ ਗੀਤ

ਮਾਂ ਮੈਂ ਪੌੜੀ ਉੱਤੇ ਚੜ੍ਹਨਾ,
ਉੱਚੇ ਚੜ੍ਹਨਾ ਵੱਡਾ ਬਣਨਾ।
ਸੁਣ ਪੁੱਤਰ ਮੈਂ ਜਾਚ ਸਿਖਾਵਾਂ,
ਪੌੜੀ ਦਾ ਸੁਣ ਗੀਤ ਸੁਣਾਵਾਂ।

ਪਹਿਲਾ ਡੰਡਾ ਬਣੇ ਸਹਾਰਾ,
ਕਹਿਣਾ ਮੰਨੇ ਸੋ ਬਾਲ ਪਿਆਰਾ।
ਦੂਜਾ ਡੰਡਾ ਹਿੰਮਤ ਦੇਵੇ,
ਮਿਹਨਤ ਵਾਲੇ ਖਾਂਦੇ ਮੇਵੇ।

ਇਕ ਇਕ ਡੰਡਾ ਹੱਥੀਂ ਫੜਨਾ,
ਡਰ ਡਰ ਕੇ ਨਾ ਪੌੜੀ ਚੜ੍ਹਨਾ।

ਤੀਜਾ ਡੰਡਾ ਝਟ ਕਰ ਚੜ੍ਹੀਏ,
ਨਾਲ ਦਲੇਰੀ ਚੌਥਾ ਫੜੀਏ।
ਪੰਜਵੇਂ ਡੰਡੇ ਪੈਰ ਟਕਾਈਏ,
ਆਲਸ ਮਨ ਤੋਂ ਦੂਰ ਭਜਾਈਏ।

ਛੇਵਾਂ ਚੜ੍ਹਕੇ ਕਦੇ ਨਾ ਖੜਨਾ,
ਨਾਲ ਹਾਣੀਆਂ ਕਦੇ ਨਾ ਲੜਨਾ।

ਸੱਤਵਾਂ ਡੰਡਾ ਸ਼ਕਤੀ ਭਰਦਾ,
ਅੱਠਵੇਂ ਤੋਂ ਫਿਰ ਦਿਲ ਨਾ ਡਰਦਾ।
ਨੌਵਾਂ ਫੜਕੇ ਬਣ ਹੁਸ਼ਿਆਰ,
ਦਸਵਾਂ ਚੜ੍ਹਕੇ ਲੰਘ ਜਾ ਪਾਰ।

ਸੱਚ ਬੋਲਣੋਂ ਕਦੇ ਨਾ ਡਰਨਾ,
ਵਿੱਦਿਆ ਦੀ ਤੂੰ ਪੌੜੀ ਚੜ੍ਹਨਾ।

ਵਿੱਦਿਆ ਦੀ ਜੋ ਪੌੜੀ ਚੜ੍ਹਦਾ,
ਕਿਸਮਤ ਆਪਣੀ ਚੰਗੀ ਘੜਦਾ।
ਸੁਣ ਪੁੱਤਰ ਮੈਂ ਜਾਚ ਸਿਖਾਵਾਂ,
ਪੌੜੀ ਦਾ ਸੁਣ ਗੀਤ ਸੁਣਾਵਾਂ॥

## ਕਾਠ-ਕਠੋਲੀ (ਇਕ ਖੇਡ)

ਆਓ ਖੇਡੀਏ ਕਾਠ-ਕਠੋਲੀ
'ਦੀਪੇ', 'ਪੰਮੀ' ਆ ਜਾ 'ਭੋਲੀ'।
'ਰਾਮੂ' ਤੇਰੀ ਪਹਿਲਾਂ ਪੀਤੀ
ਖੇਡ ਅਸਾਂ ਨੇ ਸ਼ੁਰੂ ਹੈ ਕੀਤੀ,
ਚੌਕਸ ਹੋ ਜਾ ਹੁਣ ਤੂੰ 'ਭੋਲੀ'
ਆਓ ਖੇਡੀਏ ਕਾਠ-ਕਠੋਲੀ।

'ਦੀਪੇ' ਚੜ੍ਹਜਾ ਲੱਕੜ ਉੱਤੇ
ਗਲੀ 'ਚ ਭੌਂਕਣ ਡੱਬੂ ਕੁੱਤੇ,
ਸਾਡੀ ਸਭ ਦੀ ਸਾਂਝੀ ਟੋਲੀ
ਆਓ ਖੇਡੀਏ ਕਾਠ-ਕਠੋਲੀ।

ਖੜਾ ਰਹੇਗਾ ਜਿਹੜਾ ਥੱਲੇ
ਪੀਤੀ ਪੈਣੀ ਉਸਦੇ ਪੱਲੇ,
ਮੀਚੀ ਅੱਖ ਕਿਉਂ ਤੂੰ ਖੋਲ੍ਹੀ
ਆਓ ਖੇਡੀਏ ਕਾਠ-ਕਠੋਲੀ।

ਊਚ-ਨੀਚ ਵੀ ਇਸਨੂੰ ਕਹਿੰਦੇ
ਭੱਜਣ ਸਾਰੇ ਖੜਦੇ ਬਹਿੰਦੇ,
'ਪੰਮੀ' ਲੱਗੇ ਨਿਰੀ ਭੜੋਲੀ
ਆਓ ਖੇਡੀਏ ਕਾਠ-ਕਠੋਲੀ ॥

# ਚਿੜੀ

ਆ ਨੀਂ ਚਿੜੀਏ
ਆ ਨੀਂ ਚਿੜੀਏ,
ਗੱਲਾਂ ਕਰ ਕਰ
ਦੋਵੇਂ ਖਿੜੀਏ।
	ਆ ਮੈਂ ਤੈਨੂੰ
	ਦਾਣੇ ਪਾਵਾਂ,
	ਹੱਥੀਂ ਆਪਣੇ
	ਚੋਗ ਚੁਗਾਵਾਂ।
ਤੂੰ ਮੈਨੂੰ ਇਕ
ਗੀਤ ਸੁਣਾਵੀਂ।
ਵਿਹੜੇ ਸਾਡੇ
ਰੌਣਕ ਲਾਵੀਂ।
	ਖੰਭ ਤੇਰੇ ਨੇ
	ਰੰਗ-ਬਿਰੰਗੇ,
	ਕੂਲੇ ਕੂਲੇ
	ਲੱਗਣ ਚੰਗੇ।
ਤੇਰੀ ਤਿੱਖੀ
ਚੁੰਝ ਪਿਆਰੀ,
ਉੱਡ ਜਾਵੇਂ ਤੂੰ
ਮਾਰ ਉਡਾਰੀ।



ਤੂੰ ਨਿੱਕੀ ਜਿਹੀ
ਚੀਂ ਚੀਂ ਕਰਦੀ,
ਮੇਰੇ ਕੋਲੋਂ
ਕਿਉਂ ਤੂੰ ਡਰਦੀ ?

# ਧੁੱਪ-ਛਾਂ ਦਾ ਗੀਤ

ਧੁੱਪੜੀਆਂ ਪਰਛਾਂਵਾਂ
ਮਾਂਵਾਂ ਹੁੰਦੀਆਂ ਠੰਡੀਆਂ ਛਾਂਵਾਂ।
ਆਪਣਾ ਰੁੱਠੜਾ ਵੀਰ ਮਨਾਵਾਂ
ਰਲਕੇ ਗੀਤ ਖ਼ੁਸ਼ੀ ਦੇ ਗਾਵਾਂ
ਮਾਂਵਾਂ ਹੁੰਦੀਆਂ ਠੰਡੀਆਂ ਛਾਂਵਾਂ।

ਧੁੱਪੜੀਆਂ ਪਰਛਾਂਵਾਂ
ਘਰ ਨੂੰ ਫੁੱਲਾਂ ਨਾਲ ਸਜਾਵਾਂ
ਮਹਿਕਾਂ ਖਿੰਡਣ ਵਿਚ ਹਵਾਵਾਂ
ਮੈਂ ਤਾਂ ਧਰਤੀ ਸੁਰਗ ਬਣਾਵਾਂ
ਮਾਂਵਾਂ ਹੁੰਦੀਆਂ ਠੰਡੀਆਂ ਛਾਂਵਾਂ।

ਧੁੱਪੜੀਆਂ ਪਰਛਾਂਵਾਂ
ਥਾਂ ਥਾਂ ਚਾਨਣ ਵੰਡਣ ਜਾਵਾਂ
ਇੱਥੋਂ ਭੱਜਣ ਦੂਰ ਬਲਾਵਾਂ
ਸਭ ਦਾ ਰਲਕੇ ਦਰਦ ਵੰਡਾਵਾਂ
ਮਾਂਵਾਂ ਹੁੰਦੀਆਂ ਠੰਡੀਆਂ ਛਾਂਵਾਂ।

ਧੁੱਪੜੀਆਂ ਪਰਛਾਂਵਾਂ
ਮੈਂ ਤਾਂ ਬੂਟੇ ਹਰ ਥਾਂ ਲਾਵਾਂ
ਪੀਘਾਂ ਅੰਬਰਾਂ ਤੀਕਰ ਪਾਵਾਂ
ਪੱਤੇ ਝੂਮਣ ਵਿਚ ਹਵਾਵਾਂ
ਮਾਂਵਾਂ ਹੁੰਦੀਆਂ ਠੰਡੀਆਂ ਛਾਂਵਾਂ॥

# ਛਤਰੀ ਦਾ ਗੀਤ

ਇਕ ਛਤਰੀ ਤੂੰ ਲੈ ਦੇ ਮਾਂ,
ਮੈਂ ਤੈਨੂੰ ਇਕ ਗੱਲ ਕਹਾਂ ।
ਜਿਸਦੀ ਤੇਰੀ ਗੋਦੀ ਵਰਗੀ ,
ਗੂੜ੍ਹੀ ਹੋਵੇ ਠੰਡੀ ਛਾਂ ।

ਅੱਗ ਦਾ ਗੋਲਾ ਸੂਰਜ ਤਪਦਾ ,
ਸਿਖਰ ਦੁਪਹਿਰਾ ਸਿਰ ਤੇ ਭਖਦਾ ।
ਭੱਠੀ ਵਰਗੀ ਧਰਤੀ ਉੱਤੇ
ਗੁੰਮ ਗਈ ਰੁੱਖਾਂ ਦੀ ਛਾਂ ,

ਇਕ ਛਤਰੀ ਤੂੰ ਲੈ ਦੇ ਮਾਂ,
ਜਿਸਦੀ ਹੋਵੇ ਸਿਰ ਤੇ ਛਾਂ ।

ਬਾਹਰ ਹਵਾਵਾਂ ਤੱਤੀਆਂ ਚੱਲਣ,
ਕੂਲੇ ਪਿੰਡੇ ਲੂਆਂ ਝੱਲਣ।
ਰਾਹ 'ਚ ਕਿੱਲਾਂ, ਕੰਕਰ, ਕੰਡੇ
ਨੰਗੇ ਪੈਰੀਂ ਕਿੰਝ ਤੁਰਾਂ,

ਇਕ ਛਤਰੀ ਤੂੰ ਲੈ ਦੇ ਮਾਂ,
ਜਿਸਦੀ ਹੋਵੇ ਸਿਰ ਤੇ ਛਾਂ ।

ਵਰ੍ਹਦੀ ਧੁੱਪਾਂ ਸੀਨਾ ਡੰਗੇ,
ਰੁੱਖਾਂ ਦੇ ਵੀ ਪੱਤਰ ਝੰਬੇ ।
ਕੋਲੇ ਵਾਂਗੂੰ ਮਘਦੇ ਦਿਨ ਨੂੰ
ਕਿੰਨਾ ਤੀਕਰ ਹੋਰ ਸਹਾਂ ,

ਇਕ ਛਤਰੀ ਤੂੰ ਲੈ ਦੇ ਮਾਂ,
ਜਿਸਦੀ ਹੋਵੇ ਸਿਰ ਤੇ ਛਾਂ।
ਐਸੀ ਹੋਵੇ ਛਤਰੀ ਮੇਰੀ,
ਧੁੱਪਾਂ, ਵਰਖਾ ਲੱਗੇ ਨਾ ਨ੍ਹੇਰੀ।
ਜਿਸਨੂੰ ਲੈ ਮੈਂ ਹੋਰਾਂ ਤੇ ਵੀ
ਫੜਕੇ ਹੱਥੀਂ ਛਾਂ ਕਰਾਂ,
ਇਕ ਛਤਰੀ ਤੂੰ ਲੈ ਦੇ ਮਾਂ,
ਜਿਸਦੀ ਹੋਵੇ ਸਿਰ ਤੇ ਛਾਂ॥



# ਸਾਂਝੀਆਂ ਤੰਦਾਂ

ਸਾਡਾ ਸਾਂਝਾ ਹੈ ਪੰਜਾਬ
ਸੁਹਣੇ ਭਾਰਤ ਦੀ ਆਬ,
ਸਾਡੇ ਸਾਂਝੇ ਹਾਸੇ ਸੁੱਖ
ਸਾਡੇ ਸਾਂਝੇ ਦਰਦ ਦੁੱਖ ।

ਸਾਡਾ ਸਾਂਝਾ ਹੈ ਹਿਮਾਲਾ
ਉੱਤੇ ਪਰਬਤਾਂ ਦੀ ਮਾਲਾ ,
ਸਾਂਝੀ ਧਰਤੀ ਦੀ ਕੁੱਖ
ਸਾਂਝੇ ਅੰਬਰ ਅਤੇ ਰੁੱਖ ।

ਸਾਂਝੇ ਗੁਰੂਆਂ ਦੀ ਬਾਣੀ
ਸਾਂਝਾ ਸਾਗਰਾਂ ਦਾ ਪਾਣੀ ,
ਸਾਂਝੇ ਰੀਤੀ ਤੇ ਰਿਵਾਜ
ਸਾਨੂੰ ਦੇਸ਼ ਤੇ ਹੈ ਨਾਜ਼ ।

ਫ਼ਰੀਦ, ਨਾਨਕ, ਬੁੱਲ੍ਹੇ ਸ਼ਾਹ
ਸਾਡਾ ਸਾਂਝਾ ਵਾਰਿਸ ਸ਼ਾਹ,
ਅਸੀਂ ਸੂਰਮੇ ਕਹਾਏ
ਸਾਨੂੰ ਵੰਡ ਕੌਣ ਜਾਏ ।


ਸਾਂਝੀ ਧਰਮਾਂ ਦੀ ਤੰਦ
ਸਾਂਝੀ ਘਰਾਂ ਦੀ ਹੈ ਕੰਧ,
ਸਾਂਝੇ ਦਿਲਾਂ ਦੇ ਨੇ ਗੀਤ
ਅਸੀਂ ਸਭਨਾਂ ਦੇ ਮੀਤ ।

ਸਾਡਾ ਸਾਂਝਾ ਸਭਿਆਚਾਰ
ਸਾਂਝੇ ਗੁਰੂ ਅਵਤਾਰ,
ਸਾਡਾ ਵੱਖੋ ਵੱਖ ਭੇਸ
ਸਾਨੂੰ ਪਿਆਰਾ ਸਾਰਾ ਦੇਸ਼ ।

ਆਓ ਕਰੀਏ ਦੁਆਵਾਂ
ਬਣੀਏ ਏਕੇ ਦੀਆਂ ਬਾਹਵਾਂ,
ਹੇਕ ਅਮਨਾਂ ਦੀ ਲਾਈਏ
ਗਿੱਧਾ, ਭੰਗੜਾ ਵੀ ਪਾਈਏ ।

ਸਮਾਂ ਭਰਦਾ ਗੁਆਹੀ
ਜੰਗ ਕਰਦਾ ਤਬਾਹੀ ,
ਕਰੀਏ ਦੇਸ਼ ਖੁਸ਼ਹਾਲ
ਕੌਮੀ ਏਕਤਾ ਦੇ ਨਾਲ ।

ਸਾਡਾ ਸੁਹਣਾ ਹੈ ਪੰਜਾਬ
ਸਾਂਝੇ ਭਾਰਤ ਦੀ ਆਬ ॥


ਭਾਰਤ

# ਸਾਡੀ ਰੇਲ

ਆਓ ਰਲਕੇ ਰੇਲ ਬਣਾਈਏ ,
ਗਿਣ ਗਿਣ ਇਸ ਦੇ ਡੱਬੇ ਲਾਈਏ ।

ਚੜ੍ਹੋ ਸੁਆਰੀ ਇਸ ਦੀ ਕਰੀਏ ,
ਨਾਲ ਮੁਸਾਫਰਾਂ ਡੱਬੇ ਭਰੀਏ ।

ਛਕ-ਛਕ ਕਰਕੇ ਜੱਦ ਇਹ ਚੱਲੂ ,
ਪੈਰਾਂ ਥੱਲਿਓਂ ਧਰਤੀ ਹੱਲੂ ।

ਮੈਂ ਲੱਗਾਂਗਾ ਇੰਜਣ ਅੱਗੇ ,
ਹਰ ਕੋਈ ਮੇਰੇ ਪਿੱਛੇ ਲੱਗੇ ।

ਪੱਲੇ ਫੜਕੇ ਲੱਗ ਜੋ ਸਾਰੇ ,
ਲੰਮੇ, ਛੋਟੇ, ਹੌਲੇ , ਭਾਰੇ ।

ਸਭ ਤੋਂ ਪਿੱਛੇ ਗਾਰਡ ਡੱਬਾ ,
ਭੀੜ ਨਾ ਦੇਖੇ ਪਿੱਛਾ-ਅੱਗਾ ।

ਜਦੋਂ ਹਲਾਊ ਗਾਰਡ ਝੰਡੀ ,
ਰੇਲ ਤੁਰੇਗੀ ਆਪਣੀ ਡੰਡੀ ।

ਛਕ-ਛਕ ਕਰਦੀ ਰੌਲਾ ਪਾਵੇ ,
ਸੀਟੀਆਂ ਮਾਰੇ ਭੱਜੀ ਜਾਵੇ ।

ਲੰਮੀ ਸੁਹਣੀ ਰੇਲ ਅਸਾਡੀ ,
ਦੌੜੀ ਜਾਵੇ ਰਹੇ ਨਾ ਫਾਡੀ ।

# ਨਿੱਕੇ ਨਿੱਕੇ ਹੱਥ

ਨਿੱਕੇ ਨਿੱਕੇ ਪੈਰ ਸਾਡੇ
ਨਿੱਕੇ ਨਿੱਕੇ ਹੱਥ,
ਬੋਲੀਏ ਨਾ ਝੂਠ ਕਦੇ
ਕਹੀਏ ਸੱਚੋ ਸੱਚ।

ਨਿੱਕੇ ਨਿੱਕੇ ਬੋਲ ਸਾਡੇ
ਨਿੱਕੇ ਨਿੱਕੇ ਗੀਤ ,
ਜੋਟੀਆਂ ਪਾ ਖੇਡਦੇ ਹਾਂ
ਸਾਡੀ ਡੂੰਘੀ ਹੈ ਪ੍ਰੀਤ।

ਨਿੱਕੇ ਨਿੱਕੇ ਦਿਲ ਸਾਡੇ
ਉੱਚੀ ਹੈ ਉਡਾਰੀ,
ਨਿੱਕੇ ਨਿੱਕੇ ਮੋਢਿਆਂ ਤੇ
ਵੱਡੀ ਜ਼ਿੰਮੇਵਾਰੀ।

ਨਿੱਕੇ ਨਿੱਕੇ ਪੈਰ ਸਾਡੇ
ਨਿੱਕੇ ਨਿੱਕੇ ਹੱਥ ॥

# ਮੇਰਾ ਪਤੰਗ

ਕਿੰਨਾ ਸੁਹਣਾ ਮੇਰਾ ਪਤੰਗ
ਇਸ ਦੇ ਸੁਹਣੇ ਸੁਹਣੇ ਰੰਗ,
ਇਸਦੀ ਆੜੀ ਅੰਬਰਾਂ ਸੰਗ
ਬਦੱਲ ਚੀਰਕੇ ਜਾਵੇ ਲੰਘ ।

ਇਕ ਸਾਥੀ ਨੂੰ ਰੀਲ ਫੜਾਵਾਂ
ਦੂਜੇ ਤੋਂ ਮਾਂਜਾ ਲਗਵਾਵਾਂ,
ਤੀਜੇ ਨੂੰ ਕਹਿ ਪੂੰਛ ਸਜਾਵਾਂ
ਖ਼ੂਬ ਉੱਡੇ ਫਿਰ ਵਿੱਚ ਹਵਾਵਾਂ ।

ਇਸ ਦੀ ਖਿੱਚਾਂ ਜਦ ਮੈਂ ਡੋਰ
ਚੜ੍ਹ ਜਾਵੇ ਇਹ ਉੱਚਾ ਹੋਰ,
ਪਾਉਂਦਾ ਨਾ ਇਹ ਕੋਈ ਸ਼ੋਰ
ਬੱਦਲਾਂ ਦਾ ਲੱਗੇ ਇਹ ਮੋਰ ।

ਜਦੋਂ ਬਸੰਤ ਸੁਹਾਣੀ ਆਵੇ
ਮੇਰੇ ਮਨ ਨੂੰ ਹੋਰ ਵੀ ਭਾਵੇ,
ਹਰ ਕੋਈ ਪੇਚਾ ਖ਼ੂਬ ਲੜਾਵੇ
ਬੋ-ਕਾਟਾ, ਬੋ-ਕਾਟਾ ਗਾਵੇ ॥



# ਕਣੀਆਂ ਦੀ ਰੁੱਤ

ਨਿੱਕੀਆਂ ਨਿੱਕੀਆਂ ਠੰਡੀਆਂ ਕਣੀਆਂ ,
ਅੰਬਰੋਂ ਚੱਲਕੇ ਆਈਆਂ ਕਣੀਆਂ ।
ਭੂਰ ਇਨ੍ਹਾਂ ਦੀ ਪਿਆਰੀ ਲੱਗੇ ,
ਠੰਡੀ ਠੰਡੀ 'ਵਾ ਜਦ ਵੱਗੇ ।
ਤਪਦੀ ਧਰਤੀ ਸੀਤਲ ਹੋਈ ,
ਠੰਡਕ ਹੱਸੀ, ਗਰਮੀ ਮੋਈ ।
ਟਹਿਕੇ ਰੁੱਖ ,ਬੂਟੇ ਤੇ ਫੁੱਲ ,
ਕਿਹੜਾ ਕੁਦਰਤ ਦੇ ਹੈ ਤੁੱਲ ।
ਤੱਕ ਘਟਾਵਾਂ ਨੱਚਣ ਮੋਰ ,
ਬਾਗ਼ਾਂ ਦੇ ਵਿਚ ਪਾਵਣ ਸ਼ੋਰ ।
ਗਲੀਆਂ ਦੇ ਵਿਚ ਵੱਗਿਆ ਪਾਣੀ ,
ਬੱਚੇ ਖੇਡਣ ਰਲ ਮਿਲ ਹਾਣੀ ।
ਖਾਵਾਂਗੇ ਪੂੜੇ ਤੇ ਖੀਰ ,
ਭੈਣ ਕਹੇ ਤੂੰ ਸੁਣ ਲੈ ਵੀਰ ।
ਖੁਸ਼ੀ ਮਨਾਵੇ ਚਿੜੀ ਤਿਹਾਈ ,
ਵਾਹਵਾ ਕਣੀਆਂ ਦੀ ਰੁੱਤ ਆਈ ॥

# ਸਾਡੇ ਵਿਹੜੇ ਨਿੰਮ ਖਲੋਤੀ

ਸਾਡੇ ਵਿਹੜੇ ਨਿੰਮ ਖਲੋਤੀ
ਡੱਬ- ਖੜੱਬੀ ਜਿਸਦੀ ਛਾਂ ,
ਥੱਲੇ ਇਸਦੇ ਰੋਜ਼ ਖੇਡੀਏ
ਤੱਕ ਕੇ ਹੱਸੇ ਦਾਦੀ ਮਾਂ ।

ਸਾਡੇ ਵਿਹੜੇ ਨਿੰਮ ਖਲੋਤੀ
ਪੱਤਰ ਜਿਸਦੇ ਸਾਵੇ ਹੋ ,
ਪੱਖੀ ਵਾਂਗੂੰ ਪੌਣ ਇਹ ਝੱਲੇ
ਦਿਲ ਸਾਡੇ ਨੂੰ ਭਾਵੇ ਹੋ ।

ਸਾਡੇ ਵਿਹੜੇ ਨਿੰਮ ਖਲੋਤੀ
ਜਿਸਤੇ ਬੈਠਣ ਚਿੜੀਆਂ ਆ ,
ਮਾਰ ਉਡਾਰੀ ਜਦ ਇਹ ਉੱਡਣ
ਸਾਡੇ ਮਨ ਨੂੰ ਚੜ੍ਹਦਾ ਚਾਅ ।

ਸਾਡੇ ਵਿਹੜੇ ਨਿੰਮ ਖਲੋਤੀ
ਸੌਣ ਮਹੀਨੇ ਟਹਿਕਣ ਫੁੱਲ ,
ਪੀਂਘਾਂ ਪਾਕੇ ਜਦੋਂ ਝੂਟੀਏ
ਆਪਾ ਸਾਨੂੰ ਜਾਵੇ ਭੁੱਲ ।

ਸਾਡੇ ਵਿਹੜੇ ਨਿੰਮ ਖਲੋਤੀ
ਜੋਟੀਆਂ ਬੰਨ੍ਹਕੇ ਗਾਈਏ ਗੀਤ ,
ਕਦੇ ਟੱਪੀਏ,ਕਦੇ ਨੱਚੀਏ
ਜੀਵੇ ਸਾਡੀ ਸਾਂਝੀ ਪ੍ਰੀਤ ।

ਸਾਡੇ ਵਿਹੜੇ ਨਿੰਮ ਖਲੋਤੀ
ਡੱਬ-ਖੜੱਬੀ ਜਿਸਦੀ ਛਾਂ ,
ਥੱਲੇ ਇਸ ਦੇ ਰੋਜ਼ ਖੇਡੀਏ
ਤੱਕ ਕੇ ਹੱਸੇ ਦਾਦੀ ਮਾਂ ॥

# ਮੇਰੀ ਪੈਨੱਸਿਲ

ਮਾਂ ਮੇਰੀ ਤੂੰ ਪੈਨੱਸਿਲ ਘੜਦੇ
ਥੋੜ੍ਹੀ ਜਿਹੀ ਤਿੱਖੀ ਵੀ ਕਰਦੇ ।
ਪੈਨੱਸਿਲ ਨਾਲ ਮੈਂ ਕਰਾਂ ਲਿਖਾਈ ,
ਲਿਖਾਂ ਮੈਂ ਸੁੰਦਰ ਨਾਲ ਸਫ਼ਾਈ ।
ਸਿੱਧੀਆਂ ਸਿੱਧੀਆਂ ਸਤਰਾਂ ਲਿੱਖਾਂ ,
ਸੁਹਣੇ ਅੱਖਰ ਪਾਉਣੇ ਸਿੱਖਾਂ ।
ਅੱਖਰਾਂ ਨਾਲ ਮੈਂ ਪਾਵਾਂ ਸਾਂਝ ,
ਲਿਖਣ ਪੜ੍ਹਨ ਦੀ ਮੈਨੂੰ ਤਾਂਘ ।
ਅੱਖਰ ਜੋੜ ਮੈਂ ਸ਼ਬਦ ਬਣਾਵਾਂ ,
ਸ਼ਬਦਾਂ ਤੋਂ ਫਿਰ ਵਾਕ ਸਜਾਵਾਂ ।
ਰੰਗ-ਬਿਰੰਗੀ ਪੈਨੱਸਿਲ ਮੇਰੀ ,
ਲਿਖਣੇ ਵਿਚ ਨਾ ਲਾਏ ਦੇਰੀ ।
ਇਸਨੂੰ ਰੱਖਾਂ ਨਾਲ ਪਿਆਰ,
ਇਸਦਾ ਮੈਨੂੰ ਲੱਗੇ ਨਾ ਭਾਰ ॥

# ਬੱਲੇ ਆ ਗਈ ਵਿਸਾਖੀ

ਬੱਲੇ ਆ ਗਏ ਵਿਸਾਖੀ
ਮੁੱਕੀ ਕਣਕਾਂ ਦੀ ਰਾਖੀ,
ਪਾਈਏ ਭੰਗੜਾ ਤੇ ਗਿੱਧਾ
ਰਲ ਮਿਲ ਹਾਣੀਆਂ,
ਤੈਥੋਂ ਵਾਰੇ ਵਾਰੇ ਜਾਵਾਂ
ਬੰਬੀ ਦਿਆ ਪਾਣੀਆਂ।

ਪਿਆ ਮਿਹਨਤਾਂ ਨੂੰ ਬੂਰ
ਵਾਢੀ ਕਰਦੇ ਮਜ਼ੂਰ,
ਦਾਣੇ ਬੱਲੀਆਂ 'ਚ ਪੱਕੇ
ਪਾਉਂਦੇ ਨੇ ਕਹਾਣੀਆਂ,
ਪਾਈਏ ਭੰਗੜਾ ਤੇ ਗਿੱਧਾ
ਰਲ ਮਿਲ ਹਾਣੀਆਂ।

ਮਿਟੇ ਧਰਤੀ ਦੀ ਭੁੱਖ
ਜੀਣ ਬੋਹਲ ਅਤੇ ਰੁੱਖ,
ਖ਼ੂਬ ਦਾਤੀਆਂ ਚਲਾਉਣ
ਵਾਢੀ ਦੀਆਂ ਢਾਣੀਆਂ,
ਪਾਈਏ ਭੰਗੜਾ ਤੇ ਗਿੱਧਾ
ਰਲ ਮਿਲ ਹਾਣੀਆਂ।

ਰੁੱਤ ਆ ਗਈ ਏ ਮੇਖ
ਕੱਚੀ ਪੱਕੀ ਨਾ ਤੂੰ ਦੇਖ,
ਜਿਹੜੇ ਸਾਂਭਦੇ ਨੇ ਵੇਲਾ
ਉਨ੍ਹਾਂ ਮੌਜਾਂ ਮਾਣੀਆਂ,
ਪਾਈਏ ਭੰਗੜਾ ਤੇ ਗਿੱਧਾ
ਰਲ ਮਿਲ ਹਾਣੀਆਂ ।

ਜੀਵੇ ਰੰਗਲਾ ਪੰਜਾਬ
ਇਹਦਾ ਵੱਖਰਾ ਸ਼ਬਾਬ,
ਲੱਗੇ ਨਜ਼ਰ ਨਾ ਇਹਨੂੰ
ਰੁੱਤਾਂ ਨੇ ਡਰਾਉਣੀਆਂ,
ਪਾਈਏ ਭੰਗੜਾ ਤੇ ਗਿੱਧਾ
ਰਲ ਮਿਲ ਹਾਣੀਆਂ ।

ਬੱਲੇ ਆ ਗਈ ਵਿਸਾਖੀ
ਮੁੱਕੀ ਕਣਕਾਂ ਦੀ ਰਾਖੀ,
ਪਾਈਏ ਭੰਗੜਾ ਤੇ ਗਿੱਧਾ
ਰਲ ਮਿਲ ਹਾਣੀਆਂ,
ਤੈਥੋਂ ਵਾਰੇ ਵਾਰੇ ਜਾਵਾਂ
ਬੰਬੀ ਦਿਆ ਪਾਣੀਆਂ ॥



# ਵੱਸਦਾ ਰਹੇ ਪੰਜਾਬ

ਵਾਏ ਨੀਂ ਵਾਏ
ਵਾਏ ਨੀਂ ਵਾਏ
ਦਿਲਾਂ ਵਿਚ ਘੋਲ ਰਹਿਮਤਾਂ
ਰਹੇ ਵੱਸਦਾ ਪੰਜਾਬ ਪਿਆਰਾ।

ਕਦੇ ਤੁਰਕਾਂ ਨੇ ਹੈ ਇਹਨੂੰ ਲੁੱਟਿਆ
ਕਦੇ ਮੁਗ਼ਲਾਂ ਨੇ ਹੈ ਇਹਨੂੰ ਪੁੱਟਿਆ,
ਸਾਡੀ ਸਭਿਅਤਾ ਸੁਨੇਹਾ ਸਾਨੂੰ ਦੇਂਦੀ
ਸਾਂਝਾ ਪੁਲ ਹੈ, ਅਸਾਡਾ ਭਾਈਚਾਰਾ
ਦਿਲਾਂ ਵਿਚ ਘੋਲ ਰਹਿਮਤਾਂ
ਰਹੇ ਵੱਸਦਾ ਪੰਜਾਬ ਪਿਆਰਾ।

ਕਦੇ ਜ਼ੋਰ ਹੈ ਸਿਕੰਦਰਾਂ ਵਿਖਾ ਲਿਆ
ਕਦੇ ਆਣਕੇ ਫਰੰਗੀ ਡਰਾ ਲਿਆ,
ਗੁਰੂ, ਭਗਤਾਂ ਬਚਾਇਆ ਸਦਾ ਏਸਨੂੰ
ਸਾਂਝੀਵਾਲਤਾ ਦੇ ਕੇ ਸਹਾਰਾ
ਦਿਲਾਂ ਵਿਚ ਘੋਲ ਰਹਿਮਤਾਂ
ਰਹੇ ਵੱਸਦਾ ਪੰਜਾਬ ਪਿਆਰਾ॥

# ਵਰ੍ਹੀਂ - ਮੇਘਲੇ

ਮੇਰੇ ਦੇਸ਼ ਦੇ ਕਿਸਾਨ,
ਹੋਏ ਬਹੁਤ ਪਰੇਸ਼ਾਨ,
ਪੌਣਾਂ ਸੁੱਕੀਆਂ ਸਤਾਣ ।
    ਮੇਰੇ ਹਾਣੀਆਂ
    ਅੰਬਰਾਂ ਤੋਂ ਬੂੰਦ ਨਾ ਵਰ੍ਹੀ ।
ਭੁੱਖਾ ਧਰਤੀ ਦਾ ਸੰਘ,
ਪੀਲਾ ਕਣਕਾਂ ਦਾ ਰੰਗ,
ਹਾੜ੍ਹੀ ਹੱਥੋਂ ਹੋਏ ਤੰਗ ।
    ਤੱਕੀਂ ਹਾਣੀਆਂ
    ਅੰਬਰਾਂ ਤੋਂ ਬੂੰਦ ਨਾ ਵਰ੍ਹੀ ।
ਗਈਆਂ ਬੰਬੀਆਂ ਵੀ ਥੱਕ,
ਬੈਠੇ ਇੰਜਣਾਂ ਤੋਂ ਅੱਕ,
ਖੜ੍ਹੇ ਬੱਦਲਾਂ ਨੂੰ ਤੱਕ ।
    ਸੁਣੀਂ ਹਾਣੀਆਂ
    ਅੰਬਰਾਂ ਤੋਂ ਬੂੰਦ ਨਾ ਵਰ੍ਹੀ ।
ਮੁੱਕਾ ਕੱਸੀਆਂ ਦਾ ਪਾਣੀ,
ਵਰ੍ਹੇ ਮੇਘਲਾ ਤਾਂ ਜਾਣੀਂ,
ਸਾਡੀ ਸੁਲਝੇਗੀ ਤਾਣੀ ।
    ਆਵੀਂ ਹਾਣੀਆਂ
    ਅੰਬਰਾਂ ਤੋਂ ਬੂੰਦ ਨਾ ਵਰ੍ਹੀ ॥

# ਨਵੇਂ ਟੱਪੇ

ਹਾਰਾਂ ਦੀਆਂ ਦੋ ਲੜੀਆਂ
ਉਹੀਓ ਘਰ ਵੰਡੇ ਚਾਨਣਾ
ਧੀਆਂ ਜਿੱਥੇ ਹੋਣ ਪੜ੍ਹੀਆਂ ।

ਸੜਕਾਂ ਤੇ ਰੁੜ ਛੱਲਿਆ
ਬੱਚਿਆਂ ਦੀ ਵਿੱਦਿਆ ਲਈ
ਪਿੰਡ ਪਿੰਡ ਦੌਰ ਚੱਲਿਆ ।

ਅੰਬੀਆਂ ਦੀ ਪਾ ਚਟਣੀ
ਅਨਪੜ੍ਹ ਬੰਦਿਆਂ ਨੂੰ
ਔਖੀ ਏ ਜੂਨ ਕੱਟਣੀ ।

ਗੁਣਾਂ ਦੀਆਂ ਪਾ ਮੁੰਦੀਆਂ
ਨਸ਼ਿਆਂ ਨੇ ਪੱਟੇ ਗੱਭਰੂ
ਸੱਥ ਵਿਚ ਗੱਲਾਂ ਹੁੰਦੀਆਂ ।

ਖੇਤਾਂ ਵਿਚ ਬੰਬੀ ਏ
ਪੜ੍ਹ ਲੈ ਦਿਆਲ ਸਿੰਆਂ
ਖੇਤੀ ਪੜ੍ਹਿਆਂ ਦੀ ਚੰਗੀ ਏ ॥

# ਨਵੀਆਂ ਬੋਲੀਆਂ

ਪੜ੍ਹੇ ਲਿਖੇ ਦਾ ਜ਼ਮਾਨਾ ਆਇਆ
ਸੱਥ ਵਿਚ ਗੱਲਾਂ ਹੁੰਦੀਆਂ ।

ਬਿਨ ਪੜ੍ਹਿਆਂ ਘਰਾਂ ਵਿਚ ਨੇਰ੍ਹਾ
ਤੀਜੀ ਅੱਖ ਵਿੱਦਿਆ ਦੀ ।

ਫਿੱਟੇ ਮੂੰਹ ਵੇ ਦਹੇਜਾ ਤੇਰਾ
ਸਾੜ ਸਾੜ ਨੂੰਹਾਂ ਮਾਰੀਆਂ ।

ਬਾਪੂ ਸੋਚਦਾ ਧੀਆਂ ਕਿੰਜ ਤੋਰਾਂ
ਚੰਦਰੇ ਦਹੇਜ਼ ਮੰਗਦੇ ।

ਛੋਟੀ ਟੱਬਰੀ ਸੁਖੀ ਜ਼ਿੰਦਗਾਨੀ
ਰੇਡੀਓ ਤੇ ਨਿੱਤ ਬੋਲਦੇ ।

ਬੰਬੀ ਚੱਲਦੀ ਕਿਸਾਨ ਪਿਆ ਹੱਸਦਾ
ਬੱਚਿਆਂ 'ਚ ਰੱਬ ਵੱਸਦਾ ।

ਮੈਨੂੰ ਲੈ ਦੇ ਟਰੈਕਟਰ ਬਾਪੂ
ਬੋਲੀਆਂ ਸ਼ਰੀਕ ਮਾਰਦੇ ।

ਚੱਲ ਪਈਆਂ ਨੇ ਰੇੜ੍ਹੀਆਂ ਟਰਾਲੀਆਂ
ਗੱਡਿਆਂ ਦੇ ਹਾਲ ਉਤਰੇ ॥

# ਚਾਨਣ ਵੰਡਦੀ ਆਈ ਦੀਵਾਲੀ

ਚਾਨਣ ਵੰਡਦੀ ਆਈ ਦੀਵਾਲੀ,
ਖੁਸ਼ੀਆਂ ਲੈ ਕੇ ਆਈ ਦੀਵਾਲੀ ।

ਸਭ ਦਾ ਸਾਂਝਾ ਇਹ ਤਿਉਹਾਰ,
ਸਜੇ ਹੋਏ ਸਭ ਦੇ ਘਰ ਬਾਰ ।
ਖੁਸ਼ੀ ਮਨਾਵਣ ਲੋਕੀਂ ਸਾਰੇ,
ਬੁੱਢੇ, ਨੱਢੇ, ਬਾਲ ਪਿਆਰੇ ।

ਸਜੀਆਂ ਹੋਈਆਂ ਖ਼ੂਬ ਦੁਕਾਨਾਂ,
ਬੱਤੀਆਂ ਜਗੀਆਂ ਉੱਤੇ ਮਕਾਨਾਂ ।
ਨਿੱਕੇ ਦੀਵੇ ਟਿਮ-ਟਿਮ ਕਰਦੇ,
ਚਾਨਣ ਦੇ ਨਾਲ ਗਲੀਆਂ ਭਰਦੇ ।

ਕਿਧਰੇ ਮੋਮਬੱਤੀਆਂ ਜੱਗਣ,
ਕਿਧਰੇ ਬਲਬ ਪਿਆਰੇ ਲੱਗਣ ।
ਰਾਤ ਹਨੇਰੀ ਜਗ-ਮਗ ਕਰਦੀ,
ਰੌਸ਼ਨੀਆਂ ਦੀ ਮਟਕੀ ਭਰਦੀ ।

ਖਾਈਏ ਖੇਲ, ਖਿੱਲਾਂ, ਅਖਰੋਟ,
ਮਠਿਆਈ ਦੀ ਰਹਿਣੀ ਨਾ ਤੋਟ ।

ਲੱਡੂ, ਜਲੇਬੀ, ਬਰਫੀ ਖਾਈਏ,
ਹੋਰਾਂ ਨੂੰ ਵੰਡ ਸਾਂਝ ਵਧਾਈਏ ।

ਲਈਏ ਕੇਲੇ, ਸੇਬ, ਅੰਗੂਰ,
ਖਾਈਏ ਮਿੱਠੀ ਖੀਰ ਜ਼ਰੂਰ ।
ਕਿੰਨਾ ਸੁਹਣਾ ਇਹ ਤਿਉਹਾਰ,
ਇਕ ਦੂਜੇ ਨੂੰ ਕਰੀਏ ਪਿਆਰ ।

ਕਰਨ ਪਟਾਕੇ ਠਾਹ ਪਈ ਠਾਹ,
ਆਖਣ ਸਾਰੇ ਵਾਹ ਪਈ ਵਾਹ ।
ਔਹ, ਚੱਲਣ ਫੁੱਲਝੜੀ, ਅਨਾਰ,
ਉੱਡਣ ਹਵਾਈਆਂ ਵਾਰੋ -ਵਾਰ ।

ਕਿੰਨੀ ਸੁਹਣੀ ਆਈ ਦੀਵਾਲੀ,
ਖੁਸ਼ੀਆਂ ਵੰਡਦੀ ਆਈ ਦੀਵਾਲੀ ॥



# ਏਕਤਾ ਦੀ ਚਾਬੀ

ਭਾਰਤ ਦੀ ਏਕਤਾ ਦੀ
ਚਾਬੀ ਸਾਡੇ ਹੱਥ
ਮੈਂ ਬੰਗਾਲੀ
ਮੈਂ ਮਦਰਾਸੀ
ਮੈਂ ਮਰਾਠੀ ਪਿੱਛੋਂ
ਭਾਰਤੀ ਹਾਂ ਪਹਿਲਾਂ
ਪੰਜਾਬੀ ਪਿੱਛੋਂ ਦੱਸ,
ਭਾਰਤ ਦੀ ਏਕਤਾ ਦੀ
ਚਾਬੀ ਸਾਡੇ ਹੱਥ।

ਕੋਈ ਪਹਿਨੇ ਕੁੜਤਾ ਪਜਾਮਾ
ਕੋਈ ਲਾਵੇ ਧੋਤੀ
ਕੋਈ ਬੰਨ੍ਹੇ ਸਿਰ ਤੇ ਪਗੜੀ
ਕੋਈ ਪਹਿਨੇ ਟੋਪੀ
ਇਕ ਦੂਜੇ ਵੱਲ ਏਦਾਂ ਤੱਕੀਏ
ਮਿੱਠਾ ਮਿੱਠਾ ਹੱਸ,
ਭਾਰਤ ਦੀ ਏਕਤਾ ਦੀ
ਚਾਬੀ ਸਾਡੇ ਹੱਥ।

ਹਿੰਦੂ, ਮੁਸਲਿਮ, ਸਿੱਖ, ਈਸਾਈ
ਅਸੀਂ ਹਾਂ ਭਾਈ ਭਾਈ,

ਸਾਂਝੇ ਸਾਡੇ ਰਿਸ਼ਤੇ ਨਾਤੇ
ਭਾਈ ਅਤੇ ਜੁਆਈ
ਸਾਂਝੇ ਸਾਡੇ ਹੰਝੂ - ਹਾਸੇ
ਸਾਂਝੇ ਸਾਡੇ ਗੀਤ
ਕਿੱਦਾਂ ਹੋਈਏ ਵੱਖ,
ਭਾਰਤ ਦੀ ਏਕਤਾ ਦੀ
ਚਾਬੀ ਸਾਡੇ ਹੱਥ ।

ਸਾਂਝੇ ਅੰਬਰ ਥੱਲੇ ਰਹੀਏ
ਸਾਂਝਾ ਪਾਣੀ ਪੀਈਏ,
ਸਾਂਝੇ ਸਾਡੇ ਭੰਗੜੇ - ਗਿੱਧੇ
ਸਾਂਝੀ ਕਿੱਕਲੀ ਪਾਈਏ
ਏਕਤਾ ਦੇ ਨਾਲ ਰਹੀਏ
ਸਾਂਝੀ ਹਵਾ ਫੱਕ,
ਭਾਰਤ ਦੀ ਏਕਤਾ ਦੀ
ਚਾਬੀ ਸਾਡੇ ਹੱਥ ॥

# ਜੱਟ ਦੀ ਡਰੰਮੀ

ਚਲਦੀ ਡਰੰਮੀ ਖੇਤਾਂ ਵਿਚ ਜੱਟ ਦੀ,
ਦਿਨੇ ਰਾਤ ਗੂੰਜੇ ਪਈ ਧੂੜਾਂ ਪੱਟਦੀ ।
ਬੀਤਿਆ ਏ ਸਮਾਂ ਫਲ੍ਹੇ ਨੂੰ ਚਲਾਉਣ ਦਾ,
ਤੰਗਲੀ ਦੇ ਨਾਲ ਧੜਾਂ ਨੂੰ ਉਡਾਣ ਦਾ ।
ਰੁੱਤ ਹੈ ਥਰੈਸ਼ਰਾਂ ਦੀ ਹਾੜ੍ਹੀ ਚੱਕ ਲੈ,
ਵਿਸਾਖ ਦਾ ਮਹੀਨਾ ਘੂਰਦਾ ਹੈ ਤੱਕ ਲੋ ।
ਸਿਖਰ ਦੁਪਹਿਰਾ ਉੱਤੋਂ ਵਾਵਾਂ ਤੱਤੀਆਂ,
ਭਰੀਆਂ ਦੇ ਨਾਲ ਭਰੀਆਂ ਨੇ ਖੱਤੀਆਂ ।
ਫਟਾ-ਫਟ ਰੁੱਗ ਗੱਭਰੂ ਲਗਾਵੰਦੇ,
ਚੁੱਕ ਚੁੱਕ ਨੇੜੇ ਭਰੀਆਂ ਲਿਆਵੰਦੇ ।
ਪਲਾਂ ਵਿਚ ਤੂੜੀ ਦਾ ਅੰਬਾਰ ਲੱਗਿਆ,
ਸਾਂਭਣੇ ਨੂੰ ਦਾਣੇ ਜੱਟ ਫਿਰੇ ਭੱਜਿਆ ।
ਬੋਰੀਆਂ 'ਚ ਕਣਕਾਂ ਦਾ ਬੋਹਲ ਚੁੱਕਿਆ,
ਮਹੀਨਿਆਂ ਦਾ ਕੰਮ ਦਿਨਾਂ ਵਿਚ ਮੁੱਕਿਆ ।
ਲਹੂ ਤੇ ਪਸੀਨੇ ਦੀ ਕਮਾਈ ਕਰਦਾ,
ਪਿੰਡੇ ਤੇ ਕਿਸਾਨ ਤੱਤਾ - ਠੰਢਾ ਜਰਦਾ ।
ਦਾਣਿਆਂ ਦਾ ਦੇਵਤਾ ਭੰਡਾਰੇ ਭਰਦਾ,
ਤਦੇ ਯਾਰੋ ਦੇਸ਼ ਹੈ ਤਰੱਕੀ ਕਰਦਾ ।
ਕਣਕ ਦੀ ਟਰਾਲੀ ਭਰ ਮੰਡੀ ਚੱਲੀਏ,
ਮੋੜੀਏ ਤਕਾਵੀ, ਸੌਦੇ ਲਿਆਈਏ ਬੱਲੀਏ ॥

# ਭਗਤ ਸਿੰਘ ਨੂੰ ਲੋਰੀ

ਭਗਤ ਸਿੰਘ ਨੂੰ ਲੋਰੀ ਦੇਵੇ
ਦਾਦੀ ਕਰਮਾਂ ਵਾਲੀ ਹੋ,
ਭਾਗਾਂ ਵਾਲਾ ਪੁੱਤਰ ਹੋਵੇਂ
ਦੇਸ਼ ਦੀ ਕਰੀਂ ਰਖਵਾਲੀ ਹੋ।
ਝੂਟੇ ਮਾਈਏ, ਦੇਸ਼ ਜਗਾਈਏ,
ਹੋ, ਹੋ, ਹੋ। ਹੋ, ਹੋ ਹੋ !!
ਭਗਤ ਸਿੰਘ ਨੂੰ ਲੋਰੀ ਦੇਵੇ
ਮਾਂ, ਵਿੱਦਿਆ ਵਤੀ ਪਿਆਰੀ ਹੋ,
ਵੱਡਾ ਹੋਵੇਂ, ਜੁਗ ਜੁਗ ਜੀਵੇਂ
ਗੱਲ ਤੂੰ ਕਰੀਂ ਨਿਆਰੀ ਹੋ।
ਝੂਟੇ ਮਾਈਏ, ਦੇਸ਼ ਜਗਾਈਏ,
ਹੋ, ਹੋ, ਹੋ। ਹੋ, ਹੋ, ਹੋ !!
ਭਗਤ ਸਿੰਘ ਨੂੰ ਲੋਰੀ ਦੇਵੇ
ਭੈਣ ਅਮਰ ਕੁਰ ਸਿਆਣੀ ਹੋ,
ਖੱਟ ਕੇ ਦੇਵੀਂ ਦੇਸ਼ ਆਜ਼ਾਦੀ
ਲੈ ਮਿੱਤਰਾਂ ਦੀ ਢਾਣੀ ਹੋ।
ਝੂਟੇ ਮਾਈਏ, ਦੇਸ਼ ਜਗਾਈਏ,
ਹੋ, ਹੋ, ਹੋ, । ਹੋ, ਹੋ, ਹੋ !!
ਭਗਤ ਸਿੰਘ ਨੂੰ ਲੋਰੀ ਦੇਵੇ
ਕ੍ਰਿਸ਼ਨ ਸਿੰਘ ਪਿਓ ਪਿਆਰਾ ਹੋ,

ਨਾਂ ਤੇਰਾ ਰੌਸ਼ਨ ਹੋ ਚਮਕੇ
ਜਿਉਂ ਅੰਬਰ ਤੇ ਤਾਰਾ ਹੋ।
ਝੂਟੇ ਮਾਈਏ, ਦੇਸ਼ ਜਗਾਈਏ,
ਹੋ, ਹੋ, ਹੋ, । ਹੋ, ਹੋ, ਹੋ !!
ਭਗਤ ਸਿੰਘ ਨੂੰ ਲੋਰੀ ਭੇਜੇ
ਚਾਚਾ ਕੈਦੀ ਹੋਇਆ ਹੋ,
ਰੱਖੀਂ ਲਾਜ ਹਿੰਦ ਦੀ ਸ਼ੇਰਾ
ਦੇਸ਼ ਰਹੇ ਨਾ ਸੋਇਆ ਹੋ।
ਝੂਟੇ ਮਾਈਏ, ਦੇਸ਼ ਜਗਾਈਏ;
ਹੋ, ਹੋ, ਹੋ, । ਹੋ, ਹੋ, ਹੋ !!

# ਰੁੱਖਾਂ ਦਾ ਗੀਤ

ਸਾਡੇ ਤਾਂ ਪਿੰਡ ਬੂਟਾ
ਉੱਗਿਆ ਹੈ ਅੰਬ ਦਾ,
ਮਿੱਠਾ ਫਲ ਚੂਸ ਕੇ ਇਸਦਾ
ਰਾਹੀ ਹਰ ਲੰਘਦਾ।

ਗਰਮੀ ਤੋਂ ਖਹਿੜਾ ਛੁੱਟੂ
ਅੰਬਰ ਤੇ ਕਾਲੀ ਘਟਾ
ਛਾ ਹੀ ਗਈ।

ਸਾਡੇ ਤਾਂ ਪਿੰਡ ਬੂਟਾ
ਖਿੜਿਆ ਅਨਾਰ ਦਾ,
ਉੱਚਾ ਤੇ ਸੁੱਚਾ ਰਿਸ਼ਤਾ
ਹੁੰਦਾ ਹੈ ਪਿਆਰ ਦਾ।

ਖੇੜਾ ਤੇ ਖੁਸ਼ੀਆਂ ਲੈ ਕੇ
ਵਰਖਾ ਦੀ ਰੁੱਤ ਬੇਲੀਆ
ਆ ਹੀ ਗਈ।

ਸਾਡੇ ਤਾਂ ਪਿੰਡ ਬੂਟਾ
ਖੜਿਆ ਹੈ ਟਾਹਲੀ ਦਾ,
ਫੁੱਲਾਂ ਨੂੰ ਪੈਦਾ ਕਰਨਾ
ਕੰਮ ਹੈ ਮਾਲੀ ਦਾ।

ਕਿਰਨਾਂ ਦਾ ਭੱਤਾ ਲੈ ਕੇ
ਚਾਂਦੀ ਦੀ ਧੁੱਪ ਹਾਣੀਆਂ
ਧਾ ਹੀ ਗਈ।

ਸਾਡੇ ਤਾਂ ਪਿੰਡ ਬੂਟਾ
ਸਜਦਾ ਹੈ ਪਿੱਪਲੀ ਦਾ,
ਨੱਚਦੇ ਨੇ ਬੱਚੇ ਰਲਕੇ
ਘੇਰਾ ਪਾ ਕਿੱਕਲੀ ਦਾ।

ਪੀਂਘਾਂ ਪਾ ਝੂਟ ਲਵਾਂਗੇ
ਸਾਵਣ ਦੀ ਰੁੱਤ ਸੁਹਣਿਆ
ਨਸ਼ਿਆ ਹੀ ਗਈ।

ਸਾਡੇ ਤਾਂ ਪਿੰਡ ਬੂਟਾ
ਲੱਗਿਆ ਹੈ ਜਾਮਣ ਦਾ,
ਰੁੱਖਾਂ ਦੇ ਨਾਲ ਹੀ ਮਿਲਦਾ
ਸਾਨੂੰ ਸੁੱਖ ਮਾਨਣ ਦਾ।

ਘਟਾ ਜੋ ਚੜ੍ਹੀ ਅੰਬਰੀਂ
ਵਰਖਾ ਦੀ ਛਹਿਬਰ
ਲਾ ਹੀ ਗਈ॥

## ਚੰਡੀਗੜ੍ਹ ਬਾਰੇ ਬੋਲੀਆਂ

ਮੇਰੇ ਵੀਰ ਦੀ ਚੰਡੀਗੜ੍ਹ ਕੋਠੀ
ਆਪ ਜੱਜ ਹਾਈਕੋਰਟ ਦਾ।

ਚੰਡੀਗੜ੍ਹ ਦੀਆਂ ਖੁੱਲ੍ਹੀਆਂ ਸੜਕਾਂ
ਸੁਹਣੇ ਸੁਹਣੇ ਰੁੱਖ ਨੇ ਖੜੇ।

ਰਾਕ-ਗਾਰਡਨ ਚੰਡੀਗੜ੍ਹ ਬਣਿਆ
ਜੱਗ ਵਿਚ ਧੁੰਮਾਂ ਪੈ ਗਈਆਂ।

ਕੋਠੀ ਪਾ ਕੇ ਚੰਡੀਗੜ੍ਹ ਲੱਖ ਦੀ
ਪਿੰਡ ਆਉਣਾ ਭੁੱਲ ਹੀ ਗਿਆ।

ਚੰਡੀਗੜ੍ਹ ਦਾ ਸਤਾਰਾਂ ਸੈਕਟਰ
ਧੁੱਪ ਵਾਂਗੂੰ ਨਿੱਤ ਖਿੜਦਾ।

ਨਵਾਂ ਸ਼ਹਿਰ ਚੰਡੀਗੜ੍ਹ ਜੱਗ ਤੇ
ਪਿੰਡਾਂ ਵਿਚ ਗੱਲਾਂ ਹੁੰਦੀਆਂ।

ਚੰਡੀਗੜ੍ਹ 'ਚ ਸਿਪਾਹੀ ਚੈੱਕ ਕਰਦੇ
ਬੱਤੀਆਂ ਨੂੰ ਵੇਖਕੇ ਲੰਘੀ।

ਸੁਹਣਾ ਸ਼ਹਿਰ ਚੰਡੀਗੜ੍ਹ ਆਖੇ
ਦੋ ਟੂੱਕ ਨਾ ਕਰੀਂ ਸਰਕਾਰੇ॥

# ਘੁੱਗੀਏ ਨੀਂ

ਘੁੱਗੀਏ ਨੀਂ ਤੂੰ
ਸਾਡੇ ਵਿਹੜੇ ਦੇ ਰੁੱਖਾਂ ਤੋਂ
ਡਰ ਡਰ ਕੇ ਨਾ ਏਦਾਂ ਜਾ !
ਤੇਰੇ ਬਾਝੋਂ ਏਥੇ ਸਾਡੇ
ਕੌਣ ਅਮਨ ਦਾ ਗੀਤ ਗਾਏਗਾ ?
ਕਾਲੀ ਰੁੱਤ ਜੋ ਪਸਰ ਗਈ ਏ
ਕਿਰਨਾਂ ਦੀ ਗੱਲ ਕੌਣ ਕਰੇਗਾ ?
ਤੱਤੀਆਂ ਤੇਜ਼ ਹਵਾਵਾਂ ਅੱਗੇ
ਕਿਹੜਾ ਹਿਕੜੀ ਤਾਣ ਉਡੇਗਾ ?
ਪੌਣਾਂ ਵਿਚੋਂ ਡੰਗ ਜ਼ਹਿਰੀਲੇ
ਕੌਣ ਕੀਲ ਕੇ ਬਾਤ ਕਰੇਗਾ ?
ਘੁੱਗੀਏ ਨੀਂ ਤੂੰ
ਡਰ ਡਰ ਕੇ ਨਾ ਏਦਾਂ ਜਾ !
ਕਾਲੇ ਕਾਂਵਾਂ ਦੀ ਬਦਨੀਤੀ
ਸਾਡੇ ਘਰਾਂ ਨੂੰ ਖੇਰੂੰ ਕਰ ਗਈ
ਤੇ ਟਹਿਣਾਂ ਦੀ ਕੂਲੀ ਕੁੰਬਲ
ਹੋਂਦ ਤੇਰੀ ਬਿਨ ਸੁੰਨੀ ਹੋਈ
ਲੋਚੇ ਤੇਰੀ ਪਿਆਰ ਅਦਾ ।
ਘੁੱਗੀਏ ਨੀਂ ਤੂੰ
ਡਰ ਡਰ ਕੇ ਨਾ ਏਦਾਂ ਜਾ !

ਵਰ੍ਹਦੇ ਪਏ ਬੰਰੂਦਾਂ ਅੱਗੇ
ਮੁੜ ਸੰਤਾਪੇ ਜਾਣ ਕੇ ਮੁੜਕੇ
ਹੀਰੋਸ਼ੀਮਾ - ਨਾਗਾਸਾਕੀ
ਹੱਥ ਗੁਲੇਲੇ, ਕਹਿਰੀ ਨਜ਼ਰਾਂ
ਕੂੜ ਨਿਖੁੱਟੇ, ਜਿੱਤ ਹੋਏਗੀ
ਧਰਤ ਸੁਹਾਵੀ ਰੱਖਣ ਖਾਤਰ
ਤੀਲਾ ਤੀਲਾ ਲੈ ਕੇ ਆ ।

ਘੁਗੀਏ ਨੀਂ ਤੂੰ
ਡਰ ਡਰ ਕੇ ਨਾ ਏਦਾਂ ਜਾ
ਮੁੜ ਅਮਨਾਂ ਦਾ ਗੀਤ ਸੁਣਾ !!

# ਮੇਰੇ ਪਿੰਡ ਦੇ ਰੁੱਖ

ਆਉਂਦੀਆਂ ਨੇ ਯਾਦ ਟਾਹਲੀਆਂ ਤੇ ਕਿੱਕਰਾਂ,
ਗੱਲਾਂ ਜਿੱਥੇ ਕੀਤੀਆਂ ਸੀ ਨਾਲ ਮਿੱਤਰਾਂ।

ਜੰਡ ਤੇ ਕਰੀਰਾਂ ਥੱਲੇ ਮੱਝਾਂ ਚਾਰੀਆਂ,
ਨਦੀਆਂ 'ਚ ਕੁੱਦੇ ਨਾਲੇ ਲਾਈਆਂ ਤਾਰੀਆਂ।

ਜਾਮਣਾਂ, ਜਮੋਏ, ਗੋਲਾਂ ਖਾਈਆਂ ਮਿੱਠੀਆਂ,
ਖਿਰਨੀਆਂ, ਖਜੂਰਾਂ ਮੁੜ ਨਹੀਓਂ ਡਿੱਠੀਆਂ।

ਚੂਪਦੇ ਸੀ ਅੰਬ ਮਿੱਠੇ ਰੱਜ ਰੱਜ ਕੇ,
ਭਰਦੇ ਸੀ ਪੱਲੇ ਹੱਥੀਂ ਭੱਜ ਭੱਜ ਕੇ।

ਖਾਂਦੇ ਸੀ ਸ਼ਹਿਤੂਤ ਪੱਕੇ ਨਾਭੀ ਰੰਗ ਦੇ,
ਚੋਰੀ ਚੋਰੀ ਬੇਰ ਤੋੜਦੇ ਨਾ ਸੰਗਦੇ।

ਫੁੱਲ ਸੀ ਸਰੀਂਹ ਦੇ ਚੌਰੀ ਵਾਂਗ ਲਗਦੇ,
ਸੁਆਂਜਣੇ ਦੇ ਫੁੱਲ ਗੁੱਛੇ ਵਾਹਵਾ ਫਬਦੇ।

ਨਿੰਮ ਦੀਆ ਟਾਹਣੀਆਂ ਤੇ ਬੋਲ ਹੇਕਾਂ ਦੇ,
ਆਉਂਦੇ ਰੁੱਖ ਯਾਦ ਅਤੇ ਫੁੱਲ ਡੇਕਾਂ ਦੇ।

ਪਿਪਲਾਂ ਤੇ ਬੋਹੜਾਂ ਦੀਆਂ ਛਾਵਾਂ ਠੰਡੀਆਂ,
ਸਾਂਝੇ ਸਭਿਆਚਾਰ ਨੂੰ ਨਾ ਪੈਣ ਵੰਡੀਆਂ ।

ਲਾ ਕੇ ਤ੍ਰਿਵੇਣੀ ਥਾਂਵਾਂ ਨੂੰ ਸ਼ਿੰਗਾਰੀਏ,
ਰੰਗਲਾ ਪੰਜਾਬ ਮੁੜਕੇ ਸੁਆਰੀਏ ।

ਆਉਂਦੀਆਂ ਨੇ ਯਾਦ ਟਾਹਲੀਆਂ ਤੇ ਕਿੱਕਰਾਂ,
ਗੱਲਾਂ ਜਿੱਥੇ ਕੀਤੀਆਂ ਸੀ ਨਾਲ ਮਿੱਤਰਾਂ ॥

# ਬਾਬਾ ਨਾਨਕ

ਇਕ ਓਂਕਾਰੀ ਬਾਬਾ ਨਾਨਕ
ਧੰਨ ਨਿਰੰਕਾਰੀ ਬਾਬਾ ਨਾਨਕ
ਧੁੰਦ ਮਿਟੀ ਕਣ ਕਣ ਰੁਸ਼ਨਾਇਆ
ਕਲਿ ਤਾਰਨ ਸੀ ਨਾਨਕ ਆਇਆ ।

ਸਭ ਦਾ ਸਾਂਝਾ ਬਾਬਾ ਨਾਨਕ
ਦਰਦਵੰਦਾਂ ਦਾ ਬਾਬਾ ਨਾਨਕ
ਕੂੜ ਮਿਟਾਵਣ ਜੱਗ ਵਿਚ ਆਇਆ
ਕਲਿ ਤਾਰਨ ਸੀ ਨਾਨਕ ਆਇਆ ।

ਮਹਾਂ ਕਵੀ ਤੂੰ ਬਾਬਾ ਨਾਨਕ
ਯੁੱਗ - ਚੇਤਨਾ ਬਾਬਾ ਨਾਨਕ
ਪ੍ਰਭ ਦੀ ਉਸਤਤ ਨੂੰ ਤੂੰ ਗਾਇਆ
ਕਲਿ ਤਾਰਨ ਸੀ ਨਾਨਕ ਆਇਆ ।

ਅਣਥੱਕ ਪਾਂਧੀ ਬਾਬਾ ਨਾਨਕ
ਉਚਰੈ 'ਜਪੁਜੀ' ਬਾਬਾ ਨਾਨਕ
ਕਿਰਤੀ ਲਾਲੋ ਗਲ ਨਾਲ ਲਾਇਆ
ਕਲਿ ਤਾਰਨ ਸੀ ਨਾਨਕ ਆਇਆ ।

ਧਰਮ ਦਾ ਰਾਖਾ ਬਾਬਾ ਨਾਨਕ
ਨਿਰਭੈ, ਨਿੱਡਰ ਬਾਬਾ ਨਾਨਕ
ਸੱਚ ਦਾ ਮਾਰਗ ਚੱਲ ਵਿਖਾਇਆ
ਕਲਿ ਤਾਰਨ ਸੀ ਨਾਨਕ ਆਇਆ ।

ਅਮਰ ਸਦੀਵੀ ਬਾਬਾ ਨਾਨਕ
ਪਰਮ ਪਿਆਰਾ ਬਾਬਾ ਨਾਨਕ
ਕੌਮ ਦਾ ਰਹਿਬਰ ਬਣ ਰੁਸ਼ਨਾਇਆ
ਕਲਿ ਤਾਰਨ ਸੀ ਨਾਨਕ ਆਇਆ।

ਊਚ - ਨੀਚ ਦਾ ਬਾਬਾ ਨਾਨਕ
ਲੋਕ ਹਿਤੈਸ਼ੀ ਬਾਬਾ ਨਾਨਕ
ਅੱਲਾ, ਇਸ਼ਵਰ ਸਭ ਲਈ ਗਾਇਆ
ਕਲਿ ਤਾਰਨ ਸੀ ਨਾਨਕ ਆਇਆ।

ਇਕ ਓਂਕਾਰੀ ਬਾਬਾ ਨਾਨਕ
ਧੰਨ ਨਿਰੰਕਾਰੀ ਬਾਬਾ ਨਾਨਕ
ਧੁੰਦ ਮਿਟੀ ਕਣ ਕਣ ਰੁਸ਼ਨਾਇਆ
ਕਲਿ ਤਾਰਨ ਸੀ ਨਾਨਕ ਆਇਆ॥



# ਨਵੇਂ ਸਵੇਰੇ ਦਾ ਸੁਨੇਹਾ

(ਸਕੂਲ ਤੋਂ ਅਲਵਿਦਾ ਸਮੇਂ)

ਇਕ ਪੜਾਅ ਤੁਸੀਂ ਪੂਰਾ ਕਰਕੇ
ਹੋਰ ਅਗੇਰੇ ਚੱਲੇ ਹੋ,
ਸ਼ਾਲਾ ! ਹੋਵਣ ਪੰਧ ਤੁਹਾਡੇ
ਖੁਸ਼ਬੋਈਆਂ ਨੇ ਮੱਲੇ ਹੋ ।

ਲੈ ਚਾਨਣ ਦੀ ਕਲਮ ਸੁਨਹਿਰੀ
ਲਿਖਣੇ ਗੀਤ ਪਿਆਰੇ ਹੋ,
ਦਰਿਆਵਾਂ ਦੇ ਪਾਣੀਆਂ ਵਾਂਗੂੰ
ਤੁਰਦੇ ਰਹਿਣਾ ਸਾਰਿਆਂ ਹੋ ।

ਵਿੱਦਿਆ ਦੀ ਪੌੜੀ ਦੇ ਉੱਤੇ
ਨਾਲ ਮਿਹਨਤਾਂ ਚੜ੍ਹਨਾ ਹੋ,
ਜੀਵਨ ਦੀ ਹਰ ਔਕੜ ਅੱਗੇ
ਨਾਲ ਦਲੇਰੀ ਲੜਨਾ ਹੋ ।

ਗੁਰੂਆਂ ਦਾ ਸਤਿਕਾਰ ਕਰੇ ਜੋ
ਸਭ ਨੂੰ ਲਗਦਾ ਪਿਆਰਾ ਹੋ,
ਨਿੱਕਿਆਂ ਦੇ ਸੰਗ ਮਿੱਠਾ ਬੋਲੇ
ਉਹੀਓ ਬਾਲ ਦੁਲਾਰਾ ਹੋ ।

ਵਿੱਦਿਆ ਦੇ ਮੰਦਰ 'ਚੋਂ ਸਿੱਖੋ
ਸੱਚੋ ਸੱਚ ਹੀ ਕਹਿਣਾ ਹੋ,
ਸਭ ਤੋਂ ਚੰਗਾ ਤੇ ਵਡਮੁੱਲਾ
ਵਿੱਦਿਆ ਦਾ ਹੀ ਗਹਿਣਾ ਹੋ ।

ਯਾਦਾਂ ਦੀ ਫੁਲਕਾਰੀ ਉੱਤੇ
ਫੁੱਲ ਗੁਣਾਂ ਦੇ ਪਾਉਣੇ ਹੋ,
ਜਗ ਵਿਚ ਸੋਭਾ ਖੱਟਣ ਖਾਤਰ
ਨਾਂ ਆਪਣੇ ਚਮਕਾਉਣੇ ਹੋ।

ਦੇਸ਼ ਕੌਮ ਦੇ ਲੇਖੇ ਲਾਉਣੀ
ਰੁੱਤ ਜੁਆਨ ਸੁਹਾਣੀ ਹੋ ,
ਨਵਾਂ ਸਵੇਰਾ ਹਾਕਾਂ ਮਾਰੇ
ਲੰਘੀ ਰੁੱਤ ਪੁਰਾਣੀ ਹੋ ॥



## ਇਸ ਸੀਰੀਜ਼ ਦੀਆਂ ਹੋਰ ਪੁਸਤਕਾਂ

1. ਚੰਗੀਆਂ ਆਦਤਾਂ
2. ਸਾਥੀ ਦੀ ਭਾਲ
3. ਪਰੀਆਂ ਦਾ ਦੇਸ਼
4. ਚਾਨਣ ਦੀ ਟਹਿਣੀ

ਧੰਨੁ ਲੇਖਾਰੀ ਨਾਨਕਾ

ਭਾਸ਼ਾ ਵਿਭਾਗ ਪੰਜਾਬ